# 2021 VCE ਲਿਖਤੀ ਪ੍ਰੀਖਿਆਵਾਂ ਪੂਰੀਆਂ ਕਰਨ ਵਾਲੇ ਵਿਦਿਆਰਥੀਆਂ ਲਈ ਮਾਰਗਦਰਸ਼ਨ

ਤੁਹਾਨੂੰ 2021 VCE Exams Navigator ਵਿੱਚ ਸ਼ਾਮਲ VCE ਲਿਖਤੀ ਪ੍ਰੀਖਿਆਵਾਂ ਨਾਲ ਸਬੰਧਿਤ ਸਲਾਹ ਦੇ ਨਾਲ ਹੇਠ ਲਿਖੀ ਜਾਣਕਾਰੀ ਨੂੰ ਪੜ੍ਹਨਾ ਚਾਹੀਦਾ ਹੈ। ਕਿਰਪਾ ਕਰਕੇ VCE ਦੇ ਬਾਹਰੀ ਮੁਲਾਂਕਣਾਂ ਲਈ ਮਨਜ਼ੂਰਸ਼ੁਦਾ ਸਮੱਗਰੀਆਂ ਅਤੇ ਸਾਜ਼ੋ-ਸਾਮਾਨ, VCAA ਨਿਯਮਾਂ, 2021 VCE ਪ੍ਰੀਖਿਆ ਸਮਾਂ ਸਾਰਣੀ ਅਤੇ ਵਿਸ਼ੇਸ਼ ਵਿਵਸਥਾ ਨਾਲ ਸਬੰਧਿਤ ਹਿੱਸਿਆਂ ਵੱਲ ਧਿਆਨ ਦਿਓ।

*ਹਾਲਾਂਕਿ ਇਹ ਜਾਣਕਾਰੀ ਵਿਦਿਆਰਥੀਆਂ ਨੂੰ ਦਿੱਤੀ ਗਈ ਹੈ, ਇਹ ਇਸ ਨੂੰ ਯਕੀਨੀ ਬਨਾਉਣ ਲਈ ਵੀ ਪ੍ਰਦਾਨ ਕੀਤੀ ਜਾਂਦੀ ਹੈ ਕਿ ਪਰਿਵਾਰ/ਸੰਭਾਲ ਕਰਨ ਵਾਲੇ ਉਹਨਾਂ ਪ੍ਰਕਿਰਿਆਵਾਂ ਤੋਂ ਜਾਣੂ ਹੋਣ, ਜੋ ਇਹ ਯਕੀਨੀ ਬਨਾਉਣ ਲਈ ਲਾਗੂ ਹੋਣਗੀਆਂ ਕਿ ਮੁਲਾਂਕਣ ਕੋਵਿਡ-ਸੇਫ (COVIDSafe) ਵਾਤਾਵਰਣ ਵਿੱਚ ਕੀਤੇ ਜਾਂਦੇ ਹਨ।*

ਹਾਲਾਂਕਿ VCE ਲਿਖਤੀ ਪ੍ਰੀਖਿਆਵਾਂ VCE ਲਈ ਅੰਤਿਮ ਨਤੀਜੇ ਨਿਰਧਾਰਤ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਉਂਦੀਆਂ ਹਨ, ਪਰ ਜੇ ਤੁਸੀਂ COVID-19 ਕਰਕੇ ਆਪਣੀਆਂ ਕੋਈ VCE ਲਿਖਤੀ ਪ੍ਰੀਖਿਆਵਾਂ ਪੂਰੀਆਂ ਨਹੀਂ ਕਰ ਸਕਦੇ ਹੋ, ਤਾਂ ਤੁਸੀਂ ਕੱਢੇ ਗਏ ਪ੍ਰੀਖਿਆ ਸਕੋਰ (Derived Examination Score - DES) ਲਈ ਅਰਜ਼ੀ ਦੇਣ ਦੇ ਯੋਗ ਹੋਵੋਗੇ।

DES ਦੀ ਗਣਨਾ ਤੁਹਾਡੇ ਸਕੂਲ-ਆਧਾਰਿਤ ਮੁਲਾਂਕਣਾਂ ਦੀ ਔਸਤ, ਪੜ੍ਹਾਈ ਵਿੱਚ ਕਿਸੇ ਹੋਰ ਬਾਹਰੀ ਮੁਲਾਂਕਣਾਂ, ਤੁਹਾਡੇ ਸਾਧਾਰਣ ਪ੍ਰਾਪਤੀ ਟੈਸਟ (General Achievement Test - GAT) ਦੇ ਨਤੀਜਿਆਂ, ਅਤੇ ਤੁਹਾਡੇ ਸਕੂਲ ਦੁਆਰਾ ਪ੍ਰਦਾਨ ਕੀਤੇ ਗਏ ਕਈ ਤਰ੍ਹਾਂ ਦੇ ਵਾਧੂ ਡੈਟੇ ਦੀ ਵਰਤੋਂ ਕਰਕੇ ਕੀਤੀ ਜਾਂਦੀ ਹੈ।

VCAA ਨੇ ਇਹ ਯਕੀਨੀ ਬਨਾਉਣ ਲਈ ਪ੍ਰਕਿਰਿਆਵਾਂ ਲਾਗੂ ਕੀਤੀਆਂ ਹਨ, ਕਿ ਤੁਹਾਨੂੰ ਵਾਜਬ ਅਤੇ ਭਰੋਸੇਯੋਗ ਨਤੀਜੇ ਪ੍ਰਾਪਤ ਹੋਣ।

ਤੁਹਾਨੂੰ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਤੁਹਾਡੇ ਸਕੂਲ ਨੇ ਤੁਹਾਨੂੰ ਹੇਠ ਲਿਖੀਆਂ ਚੀਜ਼ਾਂ ਪ੍ਰਦਾਨ ਕੀਤੀਆਂ ਹਨ:

- ਤੁਹਾਡੀ ਵਿਅਕਤੀਗਤ **ਵਿਦਿਆਰਥੀ ਪ੍ਰੀਖਿਆ/ਮੁਲਾਂਕਣ ਸਮਾਂ-ਸਾਰਣੀ** ਦੀ ਇਕ ਨਕਲ, ਜੋ ਤੁਹਾਡੀਆਂ ਸਾਰੀਆਂ ਪ੍ਰੀਖਿਆਵਾਂ ਵਾਸਤੇ ਤਰੀਕ, ਸਮਾਂ ਅਤੇ ਸਥਾਨ ਦੀ ਸੂਚੀ ਦਿੰਦੀ ਹੈ, ਅਤੇ ਨਾਲ ਹੀ ਹਰੇਕ ਪ੍ਰੀਖਿਆ ਲਈ DES ਅਰਜ਼ੀ ਜਮ੍ਹਾਂ ਕਰਵਾਉਣ ਵਾਸਤੇ ਅੰਤਿਮ ਤਰੀਕਾਂ; ਅਤੇ ਜਿੱਥੇ ਸਬੰਧਿਤ ਹਨ
- ਕਿਸੇ ਵੀ ਪ੍ਰੀਖਿਆ ਵਾਸਤੇ ਤੁਹਾਡੀ **ਵਿਸ਼ੇਸ਼ ਪ੍ਰੀਖਿਆ ਪ੍ਰਬੰਧਾਂ ਨੂੰ ਦੱਸਣ ਵਾਲੀ ਸਲਿੱਪ** ਦੀ ਨਕਲ ਜਿੱਥੇ VCAA ਨੇ ਵਿਸ਼ੇਸ਼ ਪ੍ਰੀਖਿਆ ਪ੍ਰਬੰਧਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ।

## VCE ਲਿਖਤੀ ਪ੍ਰੀਖਿਆਵਾਂ ਨੂੰ COVIDSafe ਬਨਾਉਣ ਲਈ ਕਿਹੜੇ ਉਪਾਅ ਕੀਤੇ ਜਾਣਗੇ?

ਤੁਹਾਡੇ ਸਿੱਖਿਆ ਪ੍ਰਦਾਨ ਵਾਲੇ ਦੁਆਰਾ ਦਿੱਤੀ ਸਲਾਹ ਦੇ ਅਨੁਸਾਰ ਤੁਹਾਡੇ ਸਕੂਲ ਜਾਂ ਕਿਸੇ ਹੋਰ ਸਥਾਨ ਵਿੱਚ VCE ਲਿਖਤੀ ਪ੍ਰੀਖਿਆਵਾਂ ਆਯੋਜਿਤ ਕੀਤੀਆਂ ਜਾਣਗੀਆਂ। ਵਿਕਟੋਰੀਆ ਦੇ ਸਾਰੇ ਸਕੂਲਾਂ ਅਤੇ ਹੋਰ ਸੀਨੀਅਰ ਸੈਕੰਡਰੀ ਸਿੱਖਿਆ ਪ੍ਰਦਾਨ ਵਾਲਿਆਂ ਨੂੰ COVIDSafe ਯੋਜਨਾ ਬਨਾਉਣ ਦੀ ਲੋੜ ਹੁੰਦੀ ਹੈ।

ਸਿਹਤ ਵਿਭਾਗ (Department of Health) ਦੁਆਰਾ ਮਨਜ਼ੂਰ ਕੀਤੇ ਕਈ ਤਰ੍ਹਾਂ ਦੇ ਸੁਰੱਖਿਆ ਉਪਾਅ ਸਥਾਪਤ ਕੀਤੇ ਜਾਣਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰੀਖਿਆ ਦੇ ਵਾਤਾਵਰਣ ਸਾਰੇ ਵਿਦਿਆਰਥੀਆਂ, ਸੁਪਰਵਾਈਜ਼ਰਾਂ ਅਤੇ ਸਕੂਲ ਦੇ ਕਰਮਚਾਰੀਆਂ ਦੀ ਭਲਾਈ ਲਈ COVIDSafe ਹਨ। ਇਹਨਾਂ ਸੁਰੱਖਿਆ ਉਪਾਵਾਂ ਵਿੱਚ ਸ਼ਾਮਲ ਹਨ:

- ਪਹੁੰਚਣ 'ਤੇ ਇਕ ਰਜਿਸਟ੍ਰੇਸ਼ਨ ਪ੍ਰਕਿਰਿਆ;
- ਸਥਾਨ ਨੂੰ ਇਸ ਤਰੀਕੇ ਨਾਲ ਸਥਾਪਤ ਕਰਨਾ ਜੋ ਸਰੀਰਕ ਦੂਰੀ ਦੀਆਂ ਲੋੜਾਂ ਨੂੰ ਪੂਰਾ ਕਰਦਾ ਹੈ, ਪ੍ਰਤੀ 4 ਵਰਗ ਮੀਟਰ ਇਕ ਵਿਦਿਆਰਥੀ ਦੀ ਘਣਤਾ ਦੀ ਲੋੜ ਨੂੰ ਬਣਾਈ ਰੱਖਦਾ ਹੈ; ਅਤੇ
- ਹਰੇਕ ਪ੍ਰੀਖਿਆ ਤੋਂ ਪਹਿਲਾਂ ਅਤੇ ਬਾਅਦ ਵਿੱਚ ਡੈਸਕਾਂ ਅਤੇ ਕੁਰਸੀਆਂ ਨੂੰ ਕੀਟਾਣੂੰ-ਮੁਕਤ ਕਰਨਾ, ਅਤੇ ਨਾਲ ਹੀ ਦਿਨ ਭਰ ਬਾਕਾਇਦਾ ਤੌਰ 'ਤੇ ਹੋਰ ਜ਼ਿਆਦਾ-ਛੋਹ ਵਾਲੇ ਤਲਾਂ ਨੂੰ ਵੀ ਕੀਟਾਣੂੰ-ਮੁਕਤ ਕਰਨਾ।

## COVIDSafe ਬਣਨ ਲਈ ਮੈਨੂੰ ਕੀ ਕਰਨ ਦੀ ਲੋੜ ਹੈ?

**ਤੁਹਾਨੂੰ ਲਾਜ਼ਮੀ ਇਹ ਕਰਨਾ ਚਾਹੀਦਾ ਹੈ:**

- ਵਿਕਟੋਰੀਆ ਦੇ ਸਕੂਲਾਂ ਵਾਸਤੇ ਵਰਤਮਾਨ ਮਾਰਗਦਰਸ਼ਨ ਦੇ ਅਨੁਸਾਰ ਚਿਹਰੇ ਵਾਲਾ ਮਾਸਕ ਪਹਿਨੋ, ਜੋ ਤੁਹਾਡੇ ਨੱਕ ਅਤੇ ਮੂੰਹ ਨੂੰ ਢੱਕਦਾ ਹੈ, ਜਦ ਤੱਕ ਕਿ ਕਿਸੇ ਅਪੰਗਤਾ ਜਾਂ ਡਾਕਟਰੀ ਅਵਸਥਾ ਕਰਕੇ ਤੁਹਾਨੂੰ ਛੋਟ ਨਹੀਂ ਮਿਲਦੀ ਹੈ। ਤੁਹਾਨੂੰ ਹਮੇਸ਼ਾਂ ਆਪਣੇ ਚਿਹਰੇ ਦਾ ਮਾਸਕ ਪਾਈ ਰੱਖਣਾ ਚਾਹੀਦਾ ਹੈ, ਜਿਸ ਵਿੱਚ ਸ਼ਾਮਲ ਹਨ ਜਿਵੇਂ ਤੁਸੀਂ ਪਹੁੰਚਦੇ ਹੋ, ਸਾਰੀ ਪ੍ਰੀਖਿਆ ਦੌਰਾਨ, ਅਤੇ ਜਿਵੇਂ ਹੀ ਤੁਸੀਂ ਜਾਂਦੇ ਹੋ।
- ਬਕਾਇਦਾ ਹੱਥ ਦੀ ਸਾਫ-ਸਫਾਈ ਕਰੋ, ਜਿਸ ਵਿੱਚ ਸਥਾਨ ਵਿੱਚ ਦਾਖਲ ਹੋਣ ਸਮੇਂ, ਅਤੇ ਬਾਹਰ ਨਿਕਲਣ ਵੇਲੇ ਵੀ ਸ਼ਾਮਲ ਹੈ; ਅਤੇ
- ਸਰੀਰਕ ਦੂਰੀ ਬਣਾਈ ਰੱਖੋ, ਹਮੇਸ਼ਾ ਦੂਜੇ ਲੋਕਾਂ ਤੋਂ ਘੱਟੋ ਘੱਟ 1.5 ਮੀਟਰ ਦੂਰੀ ਬਣਾਈ ਰੱਖੋ।

## ਜੇ ਮੈਨੂੰ ਅਪੰਗਤਾ, ਬਿਮਾਰੀ ਜਾਂ ਹੋਰ ਹਾਲਾਤ ਹਨ ਜੋ ਮੈਨੂੰ COVID-19 ਲਈ ਕਮਜ਼ੋਰ ਬਣਾਉਂਦੇ ਹਨ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਹਾਨੂੰ ਕੋਈ ਅਪੰਗਤਾ, ਬਿਮਾਰੀ ਜਾਂ ਹੋਰ ਸਮੱਸਿਆਵਾਂ ਹਨ, ਜੋ ਤੁਹਾਨੂੰ COVID-19 ਨਾਲ ਬਹੁਤ ਬਿਮਾਰ ਹੋਣ ਦੀ ਵਧੇਰੇ ਸੰਭਾਵਨਾ ਲਿਆਉਂਦੀਆਂ ਹਨ, ਤਾਂ ਤੁਹਾਨੂੰ ਆਪਣੇ ਸਕੂਲ ਨਾਲ ਕਿਸੇ ਵਿਸ਼ੇਸ਼ ਪ੍ਰੀਖਿਆ ਪ੍ਰਬੰਧਾਂ ਬਾਰੇ ਵਿਚਾਰ-ਵਟਾਂਦਰਾ ਕਰਨਾ ਚਾਹੀਦਾ ਹੈ। ਇਹ ਤੁਹਾਨੂੰ ਉਚਿਤ ਸਿਹਤ ਅਤੇ ਸੁਰੱਖਿਆ ਉਪਾਵਾਂ ਦੇ ਨਾਲ ਸਕੂਲ ਦੇ ਵਿਹੜੇ ਵਿੱਚ ਇਕੱਲੇ ਤੌਰ 'ਤੇ ਆਪਣੀ ਲਿਖਤੀ ਪ੍ਰੀਖਿਆ(ਵਾਂ) ਵਿੱਚ ਬੈਠਣ ਦੀ ਆਗਿਆ ਦੇ ਸਕਦਾ ਹੈ।

## ਜੇ ਮੈਂ ਪ੍ਰੀਖਿਆ ਵਾਲੇ ਦਿਨ ਜਾਂ ਉਸ ਹਫਤੇ ਵਿੱਚ ਬਿਮਾਰ ਰਿਹਾ ਹਾਂ, ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਜੇ ਤੁਸੀਂ ਬਿਮਾਰ ਮਹਿਸੂਸ ਕਰਦੇ ਹੋ ਜਾਂ COVID-19 ਦੇ ਕੋਈ ਲੱਛਣ ਹਨ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਕਿਸੇ ਵੀ ਪ੍ਰੀਖਿਆ ਵਿੱਚ ਸ਼ਾਮਲ **ਨਹੀਂ ਹੋਣਾ ਚਾਹੀਦਾ,** ਚਾਹੇ ਉਹ ਕਿੰਨੇ ਵੀ ਹਲਕੇ ਕਿਉਂ ਨਾ ਹੋਣ, ਜਿਸ ਵਿੱਚ ਸ਼ਾਮਲ ਹਨ:

- ਸੁੰਘਣ ਜਾਂ ਸੁਆਦ ਵਿੱਚ ਕਮੀ ਜਾਂ ਤਬਦੀਲੀ;
- ਬੁਖਾਰ, ਕਾਂਬਾ ਜਾਂ ਪਸੀਨਾ;
- ਖੰਘ, ਗਲੇ ਵਿੱਚ ਦਰਦ ਜਾਂ ਨੱਕ ਵਗਣਾ;
- ਸਾਹ ਲੈਣ ਵਿੱਚ ਔਖਿਆਈ; ਅਤੇ

- ਕੁਝ ਹਾਲਾਤਾਂ ਵਿੱਚ ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਜੀਅ ਕੱਚਾ ਹੋਣਾ, ਉਲਟੀਆਂ ਅਤੇ ਦਸਤਾਂ ਨੂੰ ਵੀ ਲੱਛਣ ਮੰਨਿਆ ਜਾ ਸਕਦਾ ਹੈ।

ਜੇ ਤੁਹਾਡੇ ਵਿੱਚ ਇਹਨਾਂ ਵਿੱਚੋਂ ਕੋਈ ਲੱਛਣ ਹਨ, ਤਾਂ ਅਗਲੇਰੀ ਸਲਾਹ ਵਾਸਤੇ ਆਪਣੇ ਸਕੂਲ ਨਾਲ ਸੰਪਰਕ ਕਰੋ। ਜਿੰਨੀ ਜਲਦੀ ਹੋ ਸਕੇ COVID-19 ਵਾਸਤੇ ਟੈਸਟ ਕਰਵਾਓ ਅਤੇ ਜਦੋਂ ਨਤੀਜਾ ਵਿਚਾਰ ਅਧੀਨ ਹੋਵੇ ਤਾਂ ਘਰ ਵਿੱਚ ਰਹੋ। ਟੈਸਟ ਕਰਨ ਵਾਲੀ ਜਗ੍ਹਾ ਜਾਂ ਨਮੂਨੇ ਲੈਣ ਵਾਲੇ ਨੂੰ ਸੂਚਿਤ ਕਰੋ ਕਿ ਤੁਸੀਂ VCE ਦੇ ਵਿਦਿਆਰਥੀ ਹੋ, ਕਿਉਂਕਿ VCE ਵਿਦਿਆਰਥੀਆਂ ਲਈ, ਸਭ ਤੋਂ ਤੇਜ਼ ਸਮੇਂ ਵਾਲੇ ਨਤੀਜੇ ਦੇਣ ਲਈ ਟੈਸਟਾਂ ਉਪਰ ਜੋ ਸੰਭਵ ਹੈ ਤਰਜੀਹ ਨਾਲ ਕਾਰਵਾਈ ਕੀਤੀ ਜਾਂਦੀ ਹੈ।

ਜੇ ਤੁਸੀਂ **ਲੱਛਣਾਤਮਕ** COVID-19 ਟੈਸਟ ਦੇ ਨਤੀਜੇ ਦੀ ਉਡੀਕ ਕਰ ਰਹੇ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਘਰ ਵਿੱਚ ਰਹਿਣਾ ਚਾਹੀਦਾ ਹੈ।

ਜੇ ਤੁਸੀਂ ਪਹੁੰਚਣ 'ਤੇ ਕੋਈ COVID-19 ਲੱਛਣ ਵਿਖਾਉਂਦੇ ਹੋ, ਜਾਂ ਜੇ ਤੁਸੀਂ ਕਿਸੇ ਪ੍ਰੀਖਿਆ ਦੌਰਾਨ ਬਿਮਾਰ ਹੋ ਜਾਂਦੇ ਹੋ, ਤਾਂ ਤੁਹਾਨੂੰ ਕਿਸੇ ਵੱਖਰੇ ਖੇਤਰ ਵਿੱਚ ਉਡੀਕ ਕਰਨ ਲਈ ਕਿਹਾ ਜਾਵੇਗਾ, ਅਤੇ ਤੁਹਾਡੇ ਮਾਪੇ ਜਾਂ ਸੰਭਾਲ ਕਰਨ ਵਾਲੇ ਨੂੰ ਤੁਹਾਨੂੰ ਲੈ ਜਾਣ ਲਈ ਬੁਲਾਇਆ ਜਾਵੇਗਾ।

**ਜੇ ਤੁਸੀਂ ਪ੍ਰੀਖਿਆ ਵਾਲੇ ਦਿਨ COVID-19 ਲੱਛਣਾਂ ਨਾਲ ਬਿਮਾਰ ਹੋ, ਤਾਂ ਤੁਹਾਨੂੰ ਲਾਜ਼ਮੀ ਤੌਰ 'ਤੇ ਆਪਣੀ ਪ੍ਰੀਖਿਆ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ।**

ਤੁਹਾਨੂੰ ਟੈਸਟ ਕਰਵਾਉਣਾ ਚਾਹੀਦਾ ਹੈ ਅਤੇ ਉਦੋਂ ਤੱਕ ਘਰ ਵਿੱਚ ਰਹਿਣਾ ਚਾਹੀਦਾ ਹੈ, ਜਦ ਤੱਕ ਤੁਹਾਨੂੰ ਆਪਣੇ ਨਤੀਜੇ ਨਹੀਂ ਮਿਲ ਜਾਂਦੇ। ਜੇ ਤੁਸੀਂ ਕਿਸੇ ਪ੍ਰੀਖਿਆ ਵਿੱਚ ਸ਼ਾਮਲ ਹੋਣ ਦੇ ਯੋਗ ਨਹੀਂ ਹੋ, ਤਾਂ ਤੁਸੀਂ DES ਵਾਸਤੇ ਅਰਜ਼ੀ ਦੇਣ ਦੇ ਯੋਗ ਹੋਵੋਗੇ।

VCE ਲਿਖਤੀ ਪ੍ਰੀਖਿਆ ਵਿੱਚ ਸ਼ਾਮਲ ਹੋ ਕੇ, ਤੁਸੀਂ ਪੁਸ਼ਟੀ ਕਰ ਰਹੇ ਹੋ ਕਿ ਤੁਹਾਨੂੰ COVID-19 ਨਹੀਂ ਹੈ ਅਤੇ ਤੁਹਾਡੇ ਵਿੱਚ COVID-19 ਵਰਗੇ ਕੋਈ ਲੱਛਣ ਨਹੀਂ ਹਨ।

## ਹੋਰ ਕਿਹੜੇ ਹਾਲਾਤਾਂ ਵਿੱਚ ਮੈਨੂੰ ਪ੍ਰੀਖਿਆ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ?

ਪ੍ਰੀਖਿਆ ਵਾਲੇ ਦਿਨ ਬਿਮਾਰ ਮਹਿਸੂਸ ਕਰਨ ਤੋਂ ਇਲਾਵਾ, ਜੇ ਤੁਹਾਡਾ COVID-19 ਟੈਸਟ ਪੌਜ਼ੇਟਿਵ ਆਇਆ ਹੈ ਜਾਂ ਜੇ ਤੁਸੀਂ ਕਿਸੇ **ਲੱਛਣਾਤਮਕ** COVID-19 ਟੈਸਟ ਦੇ ਨਤੀਜੇ ਦੀ ਉਡੀਕ ਕਰ ਰਹੇ ਹੋ, ਤਾਂ ਤੁਹਾਨੂੰ ਕਿਸੇ ਲਿਖਤੀ ਪ੍ਰੀਖਿਆ ਵਿੱਚ ਸ਼ਾਮਲ **ਨਹੀਂ ਹੋਣਾ ਚਾਹੀਦਾ**। ਇਹਨਾਂ ਹਾਲਾਤਾਂ ਵਿੱਚ, ਤੁਸੀਂ DES ਵਾਸਤੇ ਅਰਜ਼ੀ ਦੇਣ ਦੇ ਯੋਗ ਹੋਵੋਗੇ।

## ਕੀ ਹੋਵੇਗਾ ਜੇ ਮੇਰੀ ਪਛਾਣ ਮੁੱਢਲੇ ਨਜ਼ਦੀਕੀ ਸੰਪਰਕ (Primary Close Contact - PCC) ਵਜੋਂ ਕੀਤੀ ਗਈ ਹੈ?

ਸਿਹਤ ਵਿਭਾਗ (Department of Health) ਨੇ ਪੁਸ਼ਟੀ ਕੀਤੀ ਹੈ ਕਿ ਜਿੰਨ੍ਹਾਂ ਵਿਦਿਆਰਥੀਆਂ ਦੀ ਪਛਾਣ ਮੁੱਢਲੇ ਨਜ਼ਦੀਕੀ ਸੰਪਰਕ (Primary Close Contact) ਵਜੋਂ ਕੀਤੀ ਜਾਂਦੀ ਹੈ, ਉਹ ਆਪਣੇ ਸਕੂਲ ਵਿੱਚ ਇਕ ਸਮਰਪਿਤ ਕਮਰੇ ਵਿੱਚ ਆਪਣੀਆਂ ਲਿਖਤੀ ਪ੍ਰੀਖਿਆਵਾਂ ਵਿੱਚ ਬੈਠਣ ਦੇ ਯੋਗ ਹੋਣਗੇ।

ਜੇ ਤੁਹਾਡੀ ਪਛਾਣ ਮੁੱਢਲੇ ਨਜ਼ਦੀਕੀ ਸੰਪਰਕ (Primary Close Contact) ਵਜੋਂ ਕੀਤੀ ਜਾਂਦੀ ਹੈ, ਤਾਂ ਤੁਹਾਨੂੰ ਸਿਹਤ ਵਿਭਾਗ (Department of Health) ਦੇ ਨਿਰਦੇਸ਼ਾਂ ਦੀ ਪਾਲਣਾ ਕਰਨ ਦੀ ਲੋੜ ਪਵੇਗੀ, ਅਤੇ ਤੁਹਾਡਾ ਸਕੂਲ ਇਹ ਯਕੀਨੀ ਬਣਾਉਣ ਲਈ ਤੁਹਾਡੇ ਨਾਲ ਸੰਪਰਕ ਕਰੇਗਾ ਕਿ ਤੁਸੀਂ ਉਹਨਾਂ ਪ੍ਰਬੰਧਾਂ ਨੂੰ ਸਮਝਦੇ ਹੋ, ਜਿੰਨ੍ਹਾਂ ਦੀ ਤੁਹਾਨੂੰ ਪਾਲਣਾ ਕਰਨੀ ਚਾਹੀਦੀ ਹੈ, ਜਿੰਨ੍ਹਾਂ ਵਿੱਚ ਸ਼ਾਮਲ ਹਨ:

- ਕੁਆਰੰਟੀਨ ਅਤੇ COVID-19 ਟੈਸਟ ਕਰਵਾਉਣ ਦੀਆਂ ਲੋੜਾਂ ਭਾਂਵੇਂ ਕਿ ਪੂਰੀ ਤਰ੍ਹਾਂ ਟੀਕਾਕਰਨ ਕੀਤਾ ਗਿਆ ਹੋਵੇ ਜਾਂ ਪੂਰੀ ਤਰ੍ਹਾਂ ਟੀਕਾਕਰਨ ਨਹੀਂ ਕੀਤਾ ਗਿਆ; ਅਤੇ

© VCAA

- ਹਰੇਕ ਦਿਨ ਨੂੰ ਯਾਤਰਾ ਅਤੇ ਸਿਹਤ ਅਤੇ ਸੁਰੱਖਿਆ ਲੋੜਾਂ, ਜਿਸ ਦਿਨ ਤੁਹਾਡੀਆਂ ਲਿਖਤੀ ਪ੍ਰੀਖਿਆਵਾਂ ਹੁੰਦੀਆਂ ਹਨ।

### COVID-19 ਕਾਰਨ ਮੈਨੂੰ DES ਲਈ ਅਰਜ਼ੀ ਦੇਣ ਲਈ ਕਿਹੜੇ ਸਬੂਤਾਂ ਦੀ ਲੋੜ ਹੈ?

ਜੇ ਤੁਹਾਨੂੰ ਕੋਈ ਪ੍ਰੀਖਿਆ ਪੂਰੀ ਕਰਨ ਤੋਂ ਰੋਕਿਆ ਜਾਂਦਾ ਹੈ, ਜਾਂ COVID-19 ਕਰਕੇ ਤੁਹਾਡੀ ਕਾਰਗੁਜ਼ਾਰੀ 'ਤੇ ਮਹੱਤਵਪੂਰਣ ਅਸਰ ਪੈਂਦਾ ਹੈ ਤਾਂ ਤੁਸੀਂ DES ਵਾਸਤੇ ਅਰਜ਼ੀ ਦੇਣ ਦੇ ਯੋਗ ਹੋਵੋਗੇ।

ਸਬੂਤਾਂ ਦੀਆਂ ਲੋੜਾਂ ਵਿੱਚ ਸ਼ਾਮਲ ਹਨ:

- ਸਕੂਲ ਤੋਂ ਸਮਰਥਨ ਕਰਨ ਵਾਲੀ ਚਿੱਠੀ/ਘਟਨਾ ਰਿਪੋਰਟ; ਅਤੇ
- COVID-19 ਵਾਸਤੇ ਟੈਸਟ ਕਰਵਾਉਣ ਦੇ ਸਬੂਤ – ਜਿਵੇਂ ਕਿ ਟੈਸਟ ਕਰਵਾਉਣ ਦੀ ਸਿਫਾਰਸ਼ ਕਰਨ ਵਾਲੇ ਇਕ ਸੁਤੰਤਰ ਸਿਹਤ ਪੇਸ਼ੇਵਰ ਕੋਲੋਂ ਡਾਕਟਰੀ ਸਰਟੀਫਿਕੇਟ।

### COVID-19 ਕਰਕੇ ਸਕੂਲ ਬੰਦ

ਜੇ ਤੁਹਾਡਾ ਸਕੂਲ COVID-19 ਕਰਕੇ ਅਸਥਾਈ ਤੌਰ 'ਤੇ ਬੰਦ ਹੋ ਜਾਂਦਾ ਹੈ, ਅਤੇ ਨਤੀਜੇ ਵਜੋਂ ਇਕ ਜਾਂ ਵਧੇਰੇ ਪ੍ਰੀਖਿਆਵਾਂ ਨਹੀਂ ਦਿੱਤੀਆਂ ਜਾ ਸਕਦੀਆਂ ਹਨ, ਤਾਂ ਤੁਹਾਡਾ ਸਕੂਲ ਇਹ ਯਕੀਨੀ ਬਨਾਉਣ ਲਈ VCAA ਨਾਲ ਰਲ ਕੇ ਕੰਮ ਕਰੇਗਾ ਕਿ ਤੁਹਾਨੂੰ ਨੁਕਸਾਨ ਨਾ ਹੋਵੇ। ਜੇ ਅਜਿਹਾ ਹੁੰਦਾ ਹੈ ਤਾਂ ਤੁਹਾਨੂੰ DES ਲਈ ਅਰਜ਼ੀ ਨਹੀਂ ਦੇਣੀ ਪਵੇਗੀ।

## ਮੇਰੇ ਲਈ ਕਿਹੜੀ ਮਾਨਸਿਕ ਸਿਹਤ ਅਤੇ ਭਲਾਈ ਸਹਾਇਤਾ ਉਪਲਬਧ ਹੈ?

VCE ਬਾਹਰੀ ਮੁਲਾਂਕਣਾਂ ਦੀ ਮਿਆਦ ਦੌਰਾਨ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੁਆਰਾ ਆਮ ਤਣਾਅ ਅਤੇ ਚਿੰਤਾ ਦੀਆਂ ਭਾਵਨਾਵਾਂ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ। ਤੁਹਾਡੇ ਵਿੱਚੋਂ ਕੁਝ ਇਹਨਾਂ ਭਾਵਨਾਵਾਂ ਤੋਂ ਪ੍ਰੇਰਣਾ ਲੈ ਸਕਦੇ ਹਨ, ਪਰ ਹੋਰਨਾਂ ਨੂੰ ਪਰਿਵਾਰ, ਦੋਸਤਾਂ, ਕਿਸੇ ਭਰੋਸੇਯੋਗ ਅਧਿਆਪਕ ਜਾਂ ਕਿਸੇ ਡਾਕਟਰੀ ਜਾਂ ਮਾਨਸਿਕ ਸਿਹਤ ਪੇਸ਼ੇਵਰ ਤੋਂ ਵਾਧੂ ਸਹਾਇਤਾ ਦੀ ਲੋੜ ਪੈ ਸਕਦੀ ਹੈ।

ਜੇ ਤੁਸੀਂ ਪਿਛਲੇ ਸਮੇਂ ਵਿੱਚ ਕਿਸੇ ਡਾਕਟਰੀ ਜਾਂ ਮਾਨਸਿਕ ਸਿਹਤ ਪੇਸ਼ੇਵਰ ਨੂੰ ਮਿਲੇ ਹੋ, ਤਾਂ ਹੁਣ ਤੁਹਾਨੂੰ, ਤੁਹਾਡੇ ਪਰਿਵਾਰ, ਦੋਸਤਾਂ ਨੂੰ ਜਾਂ ਸਕੂਲ ਵਿੱਚ ਹੋ ਸਕਣ ਵਾਲੀਆਂ ਕਿਸੇ ਵੀ ਚਿੰਤਾਵਾਂ ਦਾ ਸਰਗਰਮੀ ਨਾਲ ਪ੍ਰਬੰਧ ਕਰਨ ਲਈ ਰਣਨੀਤੀਆਂ ਨੂੰ ਤਾਜ਼ਾ ਕਰਨ ਲਈ ਜਾਂਚ ਕਰਵਾਉਣ ਵਾਸਤੇ ਇਕ ਵਧੀਆ ਸਮਾਂ ਹੋ ਸਕਦਾ ਹੈ।

ਤੁਹਾਡੇ ਵਾਸਤੇ ਬਹੁਤ ਸਾਰੀਆਂ ਸਹਾਇਤਾਵਾਂ ਉਪਲਬਧ ਹਨ, ਜਿਵੇਂ ਕਿ:

- ਮਾਨਸਿਕ ਸਿਹਤ ਟੂਲਕਿੱਟ (education.vic.gov.au)
- https://www.education.vic.gov.au/Documents/school/teachers/health/mentalhealth/quick-guide-to-student-mental-health-and-wellbeing-resources.pdf

## ਮੈਂ ਆਪਣੀ ਪ੍ਰੀਖਿਆ ਤੋਂ ਪਹਿਲਾਂ ਹੋਰ ਕਿਵੇਂ ਸੁਰੱਖਿਅਤ ਰਹਿ ਸਕਦਾ ਹਾਂ?

12 ਸਾਲ ਜਾਂ ਇਸ ਤੋਂ ਵੱਡੀ ਉਮਰ ਦੇ ਸਾਰੇ ਵਿਕਟੋਰੀਆ ਵਾਸੀ ਹੁਣ COVID-19 ਵੈਕਸੀਨ ਪ੍ਰਾਪਤ ਕਰਨ ਦੇ ਯੋਗ ਹਨ। ਟੀਕਾਕਰਨ ਕਰਵਾਉਣਾ ਸਭ ਤੋਂ ਵਧੀਆ ਤਰੀਕਾ ਹੈ ਜਿਸ ਨਾਲ ਤੁਸੀਂ ਆਪਣੇ ਆਪ ਨੂੰ, ਆਪਣੇ ਪਰਿਵਾਰ ਅਤੇ ਸਾਡੇ ਸਕੂਲ ਭਾਈਚਾਰੇ ਨੂੰ ਹੋਰ ਪ੍ਰਕੋਪਾਂ ਅਤੇ COVID-19 ਦੇ ਫੈਲਣ ਤੋਂ ਬਚਾਅ ਸਕਦੇ ਹੋ।

ਪ੍ਰੀਖਿਆਵਾਂ ਵਾਸਤੇ ਟੀਕਾਕਰਨ ਲਾਜ਼ਮੀ ਨਹੀਂ ਹੈ, ਪਰ ਇਸ ਨੂੰ ਬਹੁਤ ਉਤਸ਼ਾਹਿਤ ਕੀਤਾ ਜਾਂਦਾ ਹੈ ਸਿਵਾਏ ਇਸ ਦੇ ਕਿ ਤੁਹਾਡਾ ਡਾਕਟਰੀ ਪੇਸ਼ੇਵਰ ਤੁਹਾਨੂੰ ਹੋਰ ਕੋਈ ਸਲਾਹ ਦਿੰਦਾ ਹੈ। ਜੇ ਟੀਕਾਕਰਨ ਅਤੇ ਤੁਹਾਡੇ ਆਪਣੇ ਵਿਅਕਤੀਗਤ ਸਿਹਤ ਹਾਲਾਤਾਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਗੱਲ ਕਰੋ।

ਸਾਰੇ ਵਿਦਿਆਰਥੀਆਂ ਨੂੰ ਆਪਣੀ ਪ੍ਰੀਖਿਆ ਤੋਂ ਪਹਿਲਾਂ ਆਪਣੀ ਪਹਿਲੀ ਖੁਰਾਕ ਲਈ ਬੁੱਕ ਕਰਨ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਕਿਸੇ ਪ੍ਰੀਖਿਆ ਵਾਲੇ ਦਿਨ, ਜਾਂ ਕਿਸੇ ਪ੍ਰੀਖਿਆ ਤੋਂ ਇਕ ਦਿਨ ਪਹਿਲਾਂ ਆਪਣੀ ਪਹਿਲੀ ਵੈਕਸੀਨ ਨਾ ਲਗਵਾਓ - ਆਮ ਪਰ ਹਲਕੇ ਅਣਚਾਹੇ ਮਾੜੇ ਅਸਰਾਂ ਜਿਵੇਂ ਕਿ ਥਕਾਵਟ, ਸਿਰ ਦਰਦ, ਮਾਸਪੇਸ਼ੀਆਂ ਵਿੱਚ ਦਰਦ, ਬੁਖਾਰ ਅਤੇ ਕਾਂਬਾ ਅਤੇ/ਜਾਂ ਜੋੜਾਂ ਦਾ ਦਰਦ ਨੂੰ ਆਪਣੀ ਪ੍ਰੀਖਿਆ ਦੌਰਾਨ ਮਹਿਸੂਸ ਕਰਨ ਤੋਂ ਪਰਹੇਜ਼ ਕਰਨ ਲਈ।

ਵਧੇਰੇ ਜਾਣਕਾਰੀ ਵਾਸਤੇ, ਸਿਹਤ ਵਿਭਾਗ ਦੀ ਵੈੱਬਸਾਈਟ ਉੱਤੇ ਜਾਓ: ਬੱਚਿਆਂ ਅਤੇ ਛੋਟੀ ਉਮਰ ਦੇ ਨੌਜਵਾਨਾਂ ਵਾਸਤੇ ਟੀਕਾਕਰਨ ਜਾਣਕਾਰੀ | ਕਰੋਨਾਵਾਇਰਸ ਵਿਕਟੋਰੀਆ। ਇਸ ਵਿੱਚ ਅਨੁਵਾਦ ਕੀਤੀ ਜਾਣਕਾਰੀ ਸ਼ਾਮਲ ਹੈ: COVID-19 ਟੀਕਿਆਂ ਬਾਰੇ ਅਨੁਵਾਦ ਕੀਤੀ ਜਾਣਕਾਰੀ | ਕਰੋਨਾਵਾਇਰਸ ਵਿਕਟੋਰੀਆ।

ਆਪਣੀਆਂ ਲਿਖਤੀ ਪ੍ਰੀਖਿਆਵਾਂ ਤੱਕ ਦੇ ਦਿਨਾਂ ਅਤੇ ਹਫਤਿਆਂ ਦੇ ਦੌਰਾਨ ਤੁਹਾਨੂੰ ਵੱਧ ਤੋਂ ਵੱਧ COVID-Safe ਬਣਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਤਾਂ ਜੋ COVID-19 ਦੇ ਸੰਪਰਕ ਵਿੱਚ ਆਉਣ ਤੋਂ ਬਚਿਆ ਜਾ ਸਕੇ। ਇਸ ਵਿੱਚ ਜ਼ਿਆਦਾ ਭੀੜ ਵਾਲੇ ਜਨਤਕ ਖੇਤਰਾਂ, ਰੁਝੇਵਿਆਂ ਵਾਲੀਆਂ ਥਾਵਾਂ, ਜਾਂ ਜੇ ਸੰਭਵ ਹੋਵੇ ਤਾਂ ਜਨਤਕ ਆਵਾਜਾਈ ਤੋਂ ਪਰਹੇਜ਼ ਕਰਨਾ ਸ਼ਾਮਲ ਹੈ।

## ਮਾਪਿਆਂ/ਸੰਭਾਲ ਕਰਨ ਵਾਲਿਆਂ ਵਾਸਤੇ ਕਿਹੜੇ ਸਰੋਤ ਉਪਲਬਧ ਹਨ?

ਕਈ ਵਾਰ ਮਾਪਿਆਂ ਲਈ ਇਹ ਜਾਣਨਾ ਮੁਸ਼ਕਿਲ ਹੋ ਸਕਦਾ ਹੈ, ਕਿ ਆਪਣੇ ਬੱਚਿਆਂ ਦਾ ਸਭ ਤੋਂ ਵਧੀਆ ਸਹਿਯੋਗ ਕਿਵੇਂ ਕਰਨਾ ਹੈ। ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਵਾਸਤੇ ਸਰੋਤਾਂ ਵਿੱਚ ਸ਼ਾਮਲ ਹਨ:

- ਮਾਪਿਆਂ ਵਾਸਤੇ ਆਪਣੇ ਬੱਚੇ ਦੀ ਸਿਹਤ ਅਤੇ ਭਲਾਈ ਦਾ ਸਮਰਥਨ ਕਰਨ ਲਈ ਸੁਝਾਅ।
- ਸਿੱਖਿਆ ਲੈਣ ਵਾਲਿਆਂ ਦੇ ਪਾਲਣ-ਪੋਸ਼ਣ ਦੀ ਪੋਡਕਾਸਟ ਸੀਰੀਜ਼ (Raising Learners Podcast Series)।

## ਮੈਨੂੰ ਹੋਰ ਜਾਣਕਾਰੀ ਕਿੱਥੇ ਮਿਲ ਸਕਦੀ ਹੈ?

ਅਗਲੇਰੀ ਸਿਹਤ ਸਲਾਹ ਵਾਸਤੇ ਤੁਸੀਂ 24-ਘੰਟੇ COVID-19 ਹੌਟਲਾਈਨ ਨਾਲ 1800 675 398 ਉੱਤੇ, ਆਪਣੇ ਡਾਕਟਰ ਨਾਲ ਸੰਪਰਕ ਕਰ ਸਕਦੇ ਹੋ ਜਾਂ ਸਿਹਤ ਵਿਭਾਗ (Department of Health) ਦੀ ਵੈੱਬਸਾਈਟ ਉੱਤੇ ਜਾ ਸਕਦੇ ਹੋ:
https://www.dhhs.vic.gov.au/victorian-public-coronavirus-disease-covid-19#what-are-the-symptoms-of-coronavirus-covid-19